# BUDHA DAL PUBLIC SCHOOL, PATIALA
## FINAL EXAMINATION
### Class - IV
### Punjabi (Set - B)

Time: 3 hrs. Date : 1-MARCH 2024
MM: 60

ਪ੍ਰ1. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ। (4)

ਘਰ, ਉਦਾਸ, ਧਰਤੀ, ਆਦੇਸ਼

ਪ੍ਰ2. ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ। (3)

ਦਰੱਖ਼ਤ, ਵਪਾਰੀ, ਪਰੀ

ਪ੍ਰ3. ਹੇਠਾਂ ਲਿਖੇ ਸ਼ਬਦਾਂ ਨੂੰ ਚੁਣ ਕੇ ਖਾਲੀ ਥਾਵਾਂ ਭਰੋ। (4)

(ਸੂਰਜ, ਬਾਜ, ਵਰਖਾ, ਚੂਹੇ)

1. ਪਰੀ ਧਰਤੀ ਉੱਪਰ ................ ਨਾਲ ਆਉਂਦੀ ਹੈ।
2. ਤੱਕੜੀ ਨੂੰ ਤਾਂ ................ ਖਾ ਗਏ।
3. ਪਰੀ ਦੀ ਦੋਸਤੀ .................. ਨਾਲ ਸੀ।
4. ਮੁੰਡੇ ਨੂੰ .................. ਚੁੱਕ ਕੇ ਲੈ ਗਿਆ।

ਪ੍ਰ4. ਹੇਠ ਲਿਖੇ ਵਾਕਾਂ ਅੱਗੇ ਸਹੀ ਜਾਂ ਗ਼ਲਤ ਲਿਖੋ। (4)

1. ਪਰੀ ਸਮੁੰਦਰ ਵਿੱਚ ਰਹਿੰਦੀ ਸੀ।
2. ਲੋਹੇ ਦੀ ਤੱਕੜੀ ਬਹੁਤ ਭਾਰੀ ਸੀ।
3. ਪਰੀ ਦੇ ਪਰਾਂ ਦਾ ਰੰਗ ਦੁਧੀਆ ਸੀ।
4. ਵਪਾਰੀ ਇਸ਼ਨਾਨ ਕਰਨ ਲਈ ਖੂਹ ਉੱਪਰ ਗਿਆ।

ਪ੍ਰ5. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਨੂੰ (✓) ਕਰੋ। (4)

1. ਪਰੀ ਦਾ ਘਰ ਕਿੱਥੇ ਸੀ?

   ੳ) ਪਾਣੀ ਵਿੱਚ    ਅ) ਅਸਮਾਨ ਵਿੱਚ

2. ਜੋਕਰ ਗਲਾਸ ਨੂੰ ਕਿਸ ਨਾਲ ਢੱਕ ਲੈਂਦਾ ਹੈ?

   ੳ) ਰੁਮਾਲ ਨਾਲ    ਅ) ਕਾਗਜ਼ ਨਾਲ

3. ਜਿੱਥੇ ਹਵਾ ਮੌਜੂਦ ਨਾ ਹੋਵੇ, ਉਸ ਨੂੰ ਕੀ ਆਖਦੇ ਹਨ?

   ੳ) ਖਲਾਅ    ਅ) ਵਹਾਅ

4. ਤੱਕੜੀ ਕਿਸ ਦੀ ਬਣੀ ਹੋਈ ਸੀ?

   ੳ) ਸੋਨੇ ਦੀ    ਅ) ਲੋਹੇ ਦੀ

Scanned with OKEN Scanner

ਪ੍ਰ6. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:

1. ਪਾਣੀ ਦੀ ਪਰੀ ਅਸਮਾਨ ਵਿੱਚ ਕਦੋਂ ਵਾਪਸ ਗਈ?
2. ਵਿਗਿਆਨ ਮਨੁੱਖਤਾ ਲਈ ਕੀ ਹੈ? 'ਠੰਢਾ ਪਾਣੀ ਵੀ ਉੱਬਲ ਸਕਦਾ ਹੈ' ਪਾਠ ਦਾ ਮੂਲ ਉਦੇਸ਼ ਕੀ ਹੈ?
3. 'ਤੱਕੜੀ ਦਾ ਇਨਸਾਫ਼' ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ?
4. ਬਾਣੀਆ ਇਸ਼ਨਾਨ ਕਰਨ ਲਈ ਕਿੱਥੇ ਗਿਆ? ਮੁੰਡੇ ਨੂੰ ਕੌਣ ਚੁੱਕ ਕੇ ਲੈ ਗਿਆ?

**ਵਿਆਕਰਨ**

ਪ੍ਰ7. ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ: (3)

ਧੋਬੀ, ਸਿੱਖ, ਲਿਖਾਰੀ, ਸਪੇਰਾ, ਫ਼ਕੀਰ, ਪੁੱਤਰ

ਪ੍ਰ8. ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (3)

ਪੁਸਤਕ, ਸੀਟੀ, ਫੁੱਲ, ਸਬਜ਼ੀ, ਕਮਰਾ, ਹਿਰਨ

ਪ੍ਰ9. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ: (3)

ਪੱਕਾ, ਵੈਰੀ, ਗੁਰੂ, ਅਮੀਰ, ਮਿਹਨਤੀ, ਕਾਲ਼ਾ

ਪ੍ਰ10. ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (3)

ਆਜ਼ਾਦ, ਲਾਬ, ਨੈਹਰ, ਸੇਹਤ, ਕਿਮੇਂ, ਧੰਨਬਾਦ

ਪ੍ਰ11. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (3)

1. ਲੱਕੜ ਦਾ ਕੰਮ ਕਰਨ ਵਾਲਾ –
2. ਪਿੰਡ ਦੀ ਸਾਂਝੀ ਜ਼ਮੀਨ –
3. ਇੱਕੋ ਉਮਰ ਦੇ ਦੋ ਵਿਅਕਤੀ –

ਪ੍ਰ12. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਲਿਖੋ: (3)

ਚਾਂਦੀ ਦੀ ਜੁੱਤੀ ਮਾਰਨਾ, ਕੰਨ ਭਰਨੇ, ਗੁੱਡੀ ਚੜ੍ਹਨੀ

ਪ੍ਰ13. ਪੜਨਾਂਵ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ? ਉਹਨਾਂ ਦੇ ਨਾਂ ਲਿਖੋ। (3)

ਪ੍ਰ14. ਹੇਠਾਂ ਲਿਖੇ ਵਿੱਚੋਂ ਕੋਈ ਇੱਕ ਲੇਖ ਲਿਖੋ: (5)

ਸਵੇਰ ਦੀ ਸੈਰ

ਜਾਂ

ਦੀਵਾਲੀ

Scanned with OKEN Scanner

ਪ੍ਰ15. ਹੇਠਾਂ ਲਿਖੇ ਬਿਨੈ-ਪੱਤਰਾਂ ਵਿੱਚੋਂ ਕੋਈ ਇੱਕ ਬਿਨੈ-ਪੱਤਰ ਲਿਖੋ : (5)

ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਜੁਰਮਾਨਾ ਮੁਆਫ਼ੀ ਲਈ ਬਿਨੈ-ਪੱਤਰ ਲਿਖੋ।

ਜਾਂ

ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਸ਼ੈਕਸ਼ਨ ਬਦਲਣ ਲਈ ਬਿਨੈ-ਪੱਤਰ ਲਿਖੋ।

ਪ੍ਰ16. ਅਣਡਿੱਠਾ ਪੈਰਾ (4)

ਕਿਸੇ ਕਿਸਾਨ ਕੋਲ ਇੱਕ ਮੁਰਗੀ ਸੀ ਜੋ ਹਰ ਰੋਜ਼ ਸੋਨੇ ਦਾ ਆਂਡਾ ਦਿਆ ਕਰਦੀ ਸੀ। ਕਿਸਾਨ ਹੌਲ਼ੀ-ਹੌਲ਼ੀ ਅਮੀਰ ਹੁੰਦਾ ਗਿਆ। ਇੱਕ ਦਿਨ ਉਸ ਦੇ ਦਿਲ ਵਿੱਚ ਲਾਲਚ ਆ ਗਿਆ। ਉਸ ਨੇ ਸੋਚਿਆ ਕਿ ਕਿਉਂ ਨਾ ਮੁਰਗੀ ਦੇ ਢਿੱਡ ਵਿੱਚ ਪਏ ਹੋਏ ਸਾਰੇ ਸੋਨੇ ਦੇ ਆਂਡੇ ਇੱਕੋ ਵਾਰੀ ਲੈ ਲਏ ਜਾਣ। ਇਸ ਤਰ੍ਹਾਂ ਉਹ ਮਿੰਟਾਂ ਵਿੱਚ ਹੀ ਅਮੀਰ ਬਣ ਜਾਵੇਗਾ। ਉਸ ਨੇ ਲਾਲਚ ਵਿੱਚ ਆ ਕੇ ਛੁਰਾ ਲਿਆ ਅਤੇ ਮੁਰਗੀ ਦਾ ਢਿੱਡ ਪਾਟ ਸੁੱਟਿਆ।

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ।**

1. ਕਿਸ ਦੇ ਦਿਲ ਵਿੱਚ ਲਾਲਚ ਆ ਗਿਆ?
2. ਮੁਰਗੀ ਕਿਹੋ ਜਿਹਾ ਆਂਡਾ ਦਿਆ ਕਰਦੀ ਸੀ?

**ਖਾਲੀ ਥਾਵਾਂ ਭਰੋ:**

1. ਕਿਸਾਨ ਨੇ ਮੁਰਗੀ ਦੇ ਢਿੱਡ ਵਿੱਚ .............. ਮਾਰਿਆ।
2. .............. ਹੌਲ਼ੀ-ਹੌਲ਼ੀ ਅਮੀਰ ਬਣ ਗਿਆ।

**ਸਹੀ/ਗਲਤ:**

1. ਮੁਰਗੀ ਚਾਂਦੀ ਦਾ ਆਂਡਾ ਦਿਆ ਕਰਦੀ ਸੀ।
2. ਕਿਸਾਨ ਕੋਲ ਇੱਕ ਮੁਰਗੀ ਸੀ।

Scanned with OKEN Scanner